IJCRT.ORG ISSN : 2320-2882

INTERNATIONAL JOURNAL OF CREATIVE RESEARCH THOUGHTS (IJCRT)

An International Open Access, Peer-reviewed, Refereed Journal

# ਸ਼੍ਰੀ ਗੁਰੂ ਤੇਗ ਬਹਾਦਰ ਜੀ: ਬਾਣੀ ਦੇ ਵਿਚਾਰਧਾਰਾ

**(ਜਗ ਰਚਨਾ ਸਬ ਝੂਠ ਹੈ ਜਾਨ ਲੇਹੁ ਰੇ ਮੀਤ....)**

**(ਡਾ:ਰਚਨਾ ਮਹਿਰੋਕ)**
ਨੈਸ਼ਨਲ ਡਿਗਰੀ ਕਾਲਜ
ਚੁਵਾੜਿਆਂ ਵਾਲੀ
ਫਾਜਿਲਕਾ

ਮਨੁੱਖ ਜਾਤੀ ਦਾ ਸਾਂਝਾ ਰੂਹਾਨੀ ਖਜਾਨਾ ਅਤੇ ਸੰਸਾਰ ਦਾ ਧਰਮ ਗ੍ਰੰਥ ਸ਼੍ਰੀ ਗੁਰੂ ਗ੍ਰੰਥ ਸਾਹਿਬ ਵਿੱਚ 6 ਸਿੱਖ ਗੁਰੂਆਂ ਦੀ ਬਾਣੀ ਦਰਜ ਹੈ। ਇਹਨਾਂ ਬਾਣੀਕਾਰਾਂ ਵਿੱਚ 'ਹਿੰਦ ਦੀ ਚਾਦਰ' ਸ਼੍ਰੋਮਣੀ ਸ਼ਹੀਦ ਅਤੇ ਮਾਨਵਤਾ ਦੇ ਰਖਿਅਕ ਵਰਗੇ ਵਿਸ਼ੇਸ਼ਣਾਂ ਨਾਲ ਨਿਵਾਜੇ ਜਾਂਦੇ ਨੋਵੇਂ 'ਗੁਰੂ' ਸ਼੍ਰੀ ਗੁਰੂ ਤੇਗ ਬਹਾਦਰ ਜੀ ਦੀ ਬਾਣੀ ਵੀ ਸ਼ਾਮਿਲ ਹੈ। ਕੁਝ ਇਤਿਹਾਸਕ ਹਵਾਲੇਂ ਇਸ ਗੱਲ ਦੀ ਸਾਖੀ ਭਰਦੇ ਹਨ ਕਿ 1699 ਈ: ਵਿੱਚ ਖਾਲਸਾ ਪੰਥ ਦੀ ਸਥਾਪਨਾ ਤੋਂ ਪਹਿਲਾਂ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਗੁਰੂ ਤੇਗ ਬਹਾਦਰ ਜੀ ਦੀ ਬਾਣੀ ਨੂੰ ਗੁਰੂ ਗ੍ਰੰਥ ਸਾਹਿਬ ਵਿੱਚ ਸ਼ਾਮਿਲ ਕੀਤਾ। ਗੁਰੂ ਗ੍ਰੰਥ ਸਾਹਿਬ ਵਿੱਚ ਗੁਰੂ ਤੇਗ ਬਹਾਦਰ ਜੀ ਦੀ ਬਾਣੀ ਮਹਲਾ ੯ ਦੇ ਸਿਰਲੇਖ ਹੇਠ ਦਰਜ ਹੈ। ਗੁਰੂ ਗ੍ਰੰਥ ਸਾਹਿਬ ਵਿੱਚ ਆਪ ਜੀ ਦੀ ਬਾਣੀ ਦੇ 59 ਸ਼ਬਦ ਦਰਜ ਹਨ ਜੋ ਕਿ 15 ਰਾਗਾਂ ਵਿੱਚ ਹੈ। ਇਸ ਤੋਂ ਬਿਨਾਂ 57 ਸਲੋਕ 'ਸਲੋਕ ਵਾਰਾਂ ਤੋਂ ਵਧੀਕ' ਤੋਂ ਬਾਅਦ ਵਿੱਚ ਦਰਜ ਹਨ। ਆਪ ਦੁਆਰਾ ਰਚੇ 59 ਸ਼ਬਦਾਂ ਦਾ ਵੇਰਵਾ ਇਸ ਤਰਾਂ ਹੈ:

| | ਰਾਗ | ਸ਼ਬਦਾ ਦੀ ਗਿਣਤੀ |
|---|---|---|
| 1. | ਗਉੜੀ | ੯ |
| 2. | ਆਸਾ | ੧ |
| 3. | ਦੇਵਗੰਧਾਰੀ | ੩ |
| 4. | ਬਿਹਾਗੜਾ | ੧ |
| 5. | ਸੋਰਠਿ | ੧੨ |
| 6. | ਧਨਾਸਰੀ | ੪ |
| 7. | ਜੈਤਸਰੀ | ੩ |
| 8. | ਟੋਡੀ | ੧ |
| 9. | ਤਿਲੰਗ | ੩ |
| 10. | ਰਾਮਕਲੀ | ੩ |
| 11. | ਮਾਰੂ | ੩ |
| 12. | ਬਿਲਾਵਲ | ੩ |
| 13. | ਬਸੰਤ | ੫ |
| 14. | ਸਾਰੰਗ | ੪ |
| 15. | ਜੈਜਾਵੰਤੀ | ੪ |

ਸ਼੍ਰੀ ਗੁਰੂ ਤੇਗ ਬਹਾਦਰ ਜੀ ਦੀ ਬਾਣੀ ਬਾਕੀ ਗੁਰੂਆਂ ਦੀ ਤਰ੍ਹਾਂ ਹੀ ਉਪਦੇਸ਼ਾਤਮਿਕ ਹੈ। ਗੁਰੂ ਜੀ ਦੇ ਮਨਮੁੱਖ ਉਸ ਸਮੇਂ ਜੋ ਮਨੁੱਖੀ ਸਮਾਜ ਖੜ੍ਹਾ ਸੀ ਉਹ ਭੈਅ-ਭੀਤ, ਦੁਖੀ ਅਤੇ ਵਿਅਕੁਲ ਸੀ। ਇਹ ਉਹ ਮਨੁੱਖ ਸੀ ਜੋ ਉਸ ਸਮੇਂ ਦੇ ਰਾਜਨੀਤਿਕ, ਸਮਾਜਿਕ, ਆਰਥਿਕ ਅਤੇ ਸਭ ਤੋਂ ਵੱਧ ਧਾਰਮਿਕ ਬੇਇਨਸਾਫ਼ੀ ਦਾ ਸ਼ਿਕਾਰ ਸੀ। ਇਹ ਉਹ ਨਾਜ਼ੁਕ ਸਮਾਂ ਜਦੋਂ ਨਿਰਦਈ ਦੇ ਕੱਟੜਪੰਥੀ ਮੁਗਲ ਬਾਦਸ਼ਾਹ-ਔਰੰਗਜੇਬ, ਕੁੱਲ ਹਿੰਦੁਸਤਾਨ ਨੂੰ ਇਸਲਾਮੀਂ ਰੰਗਣ ਵਿੱਚ ਰੰਗਣਾ ਚਾਹੁੰਦਾ ਸੀ। ਇਸ ਸਮੇਂ ਹਿੰਦੂ ਅਤੇ ਮੁਸਲਮਾਨ ਦੋਵੇਂ ਧਰਮ ਤਣਾਓ ਦੀ ਸਿਥਤੀ ਵਿੱਚ ਇੱਕ ਦੂਜੇ ਨਾਲ ਦਵੰਦਾਤਮਕ ਸਬੰਧਾ ਵਿੱਚ ਵਿਚਰ ਰਹੇ ਸਨ। ਇਹਨਾਂ ਹਲਾਤਾਂ ਵਿੱਚ ਵਿਚਰਦੇ ਗੁਰੂ ਸਾਹਿਬ ਲੋਕਾਂ ਲਈ ਮਸੀਹਾ ਬਣ ਕੇ ਆਏ।

ਸ਼੍ਰੀ ਗੁਰੂ ਤੇਗ ਬਹਾਦਰ ਜੀ ਦੀ ਵਿਚਾਰਧਾਰਾ ਗੁਰਮਤਿ ਵਿਚਾਰ ਪ੍ਰਵਾਹ ਦੀ ਲੜੀ ਨੂੰ ਅਗਾਂਹ ਤੋਰਦੀ ਹੈ। ਜਿਸ ਜੀਵਨ-ਜਾਂਚ ਦੀ ਗੱਲ ਪਹਿਲੇ ਗੁਰੂ ਸਹਿਬਾਨਾਂ ਨੇ ਕੀਤੀ ਉਹੀ ਰਹਿਤ ਮਰਿਆਦਾ

ਗੁਰੂ ਸਾਹਿਬ ਨੇ ਮਨੁੱਖਤਾ ਨਾਲ ਸਾਂਝੀ ਕੀਤੀ। ਇਹ ਉਹ ਵਿਚਰਾਧਾਰਾ ਇਹ ਜਿਸ ਨੂੰ ਗੁਰੂ ਸਾਹਿਬ ਨੇ 'ਧੁਰ ਕੀ ਬਾਣੀ' ਵਿੱਚ ਪ੍ਰਗਟ ਕੀਤਾ। ਗੁਰੂ ਸਾਹਿਬ ਦੀ ਬਾਣੀ ਵਿੱਚ ਮਨੁੱਖ ਨੂੰ ਉਪਦੇਸ਼ ਦਿੱਤਾ ਦ੍ਰਿਸ਼ਟੀਗੋਚਰ ਹੁੰਦਾ ਹੈ। ਜਦੋ ਉਹ ਉਚਾਰਦੇ ਹਨ :

ਕਹੁ ਨਾਨਕ ਹਰ ਭਜ ਮਨਾ (ਪੰਨਾ ੧੪੨੬)
ਕਹੁ ਨਾਨਕ ਨਰ ਬਾਵਰੇ...... (ਪੰਨਾ ੧੪੨੬)
ਕਹੁ ਨਾਨਕ ਸੁਨ ਮੀਤ
ਕਹੁ ਨਾਨਕ ਸੁਨ ਰੇ ਮਨਾ......... (ਸਲੋਕ ਮ. ੯, ਪੰਨਾ ੧੪੨੭) ਇਸ ਸਮੇਂ

ਇੰਝ ਪ੍ਰਤੀਤ ਹੁੰਦਾ ਹੈ ਕਿ ਉਹ ਆਪ ਮਨੁੱਖ ਨੂੰ ਅਪੱਣਤ ਭਰੀ ਮਿੱਠੀ ਬੋਲੀ ਵਿੱਚ ਉਪਦੇਸ਼ ਦਿੰਦੇ ਹੋਏ ਮਾਨਸਿਕ ਤੌਰ ਤੇ ਰੋਗੀ ਹੋਏ ਮਨੁੱਖ ਨੂੰ ਅਰੋਗ ਕਰਨ ਦੇ ਯਤਨ ਵਿੱਚ ਹਨ। ਇੱਥੇ ਹੀ ਬਸ ਨਹੀਂ ਗੁਰੂ ਸਾਹਿਬ ਖੁਦ ਨੂੰ ਮਨੁੱਖ ਦੀ ਮਾਨਸਿਕ ਅਵਸਥਾ ਦਾ ਅੰਦਾਜਾ ਲਗਾ ਕੇ ਸਰਬ-ਸ਼ਕਤੀਮਾਨ ਅੱਗੇ ਅਰਦਾਸ ਕਰਦੇ ਹਨ।

ਬਲ ਛੁਟਕਿਓ ਬੰਧਨ ਪਰੇ ਕਛੂ ਨਾ ਹੋਤ ਉਪਾਇ।।
ਕਹੁ ਨਾਨਕ ਅਬ ਓਟ ਹਰਿ ਗਜ ਜਿਉ ਹੋਹੁ ਸਹਾਇ (ਪੰਨਾ ੧੪੨੯)

ਗੁਰੂ ਸਾਹਿਬ ਦੀ ਬਾਣੀ ਭੈਅ-ਭੀਤ ਹੋਏ ਮਨੁੱਖ ਚਿਤਰ ਮਿਲਦੇ ਹਨ ਇਹ ਉਹ ਮਨੁੱਖ ਹੈ ਜਿਸ ਦਾ ਆਤਮਿਕ ਬੱਲ ਖੁੱਸ ਚੁੱਕਾ ਹੈ ਅਤੇ ਉਹ ਅਨੇਕਾਂ ਪ੍ਰਕਾਰ ਦੀਆਂ ਦੁਵਿਧਾਵਾਂ ਵਿੱਚ ਘਿਰਿਆ ਹੋਇਆ ਹੈ। ਗੁਰੂ ਸਾਹਿਬ ਦੀ ਦ੍ਰਿਸ਼ਟੀ ਵਿੱਚ ਇਸ ਤਰਾਂ ਦੀ ਮਾਨਸਿਕ ਸਮਸਿਆ ਉਦੋਂ ਪੈਦਾ ਹੁੰਦੀ ਹੈ ਜਦੋਂ ਉਹ ਆਪਣੇ ਮੂਲ ਆਪੇ ਨਾਲੋਂ ਟੁੱਟ ਕੇ ਵੱਖ ਹੋ ਜਾਂਦਾ ਹੈ। ਉਸ ਇਹ ਸੰਕਟ ਅਸਲ ਵਿੱਟ ਧਾਰਮਿਕ ਤੌਰ ਤੇ ਵਿਯੋਗੇ ਹੋਏ ਮਨੁੱਖ (Religions alienation) ਦਾ ਸੰਕਟ ਹੈ। ਗੁਰੂ ਸਾਹਿਬ ਇਹਨਾਂ ਹਲਾਤਾਂ ਦਾ ਜ਼ਿੰਮੇਵਾਰ ਖੁਦ ਉਸ ਮਨੁੱਖ ਨੂੰ ਮਨੰਦੇ ਹਨ।

ਜਾਨ ਬੂਝਿ ਕੇ ਬਾਵਰੇ ਤੈ ਕਾਜੁ ਬਿਗਾਰਿਓ।।
ਪਾਪ ਕਰਤ ਸਕੁਚਿਓ ਨਹੀ ਨਹ ਗਰਬੁ ਨਿਵਾਰਿਓ।। (ਪੰਨਾ ੭੨੭)

ਇੰਝ ਗੁਰੂ ਸਾਹਿਬ ਦਾ ਯਤਨ ਹੈ ਕਿ ਬਾਣੀ ਰਾਹੀਂ ਨਿਰਜਿੰਦ ਮਨੁੱਖੀ ਪੁਰਜਿਆਂ ਵਿੱਚ ਰੂਹਾਨੀਅਤ ਭਰੀ ਜਾਵੇ। ਉਹ ਉਸ ਇਕ ਸਰਬ-ਸ਼ਕਤੀਮਾਨ ਦਾ ਗੁਣਗਾਨ ਕਰਨ ਦਾ ਉਪਦੇਸ਼ ਦਿੰਦੇ ਹਨ ਜੋ ਮਨੁੱਖ ਦੇ 'ਮਨ ਦੀ ਕਾਈ' ਨੂੰ ਉਤਾਰ ਕੇ ਉਸ ਨੂੰ ਨਵੀਂ ਸੰਸਾਰਿਕ ਯਤਰਾ ਕਰਵਾਉਣ ਦੇ ਸਮਰਥ ਹੈ:

ਨਾਨਕ ਭਾਉਜਲ ਪਾਰ ਪਰੈ ਜਉ ਗਾਵੈ ਪ੍ਰਭ ਕੇ ਗੀਤ।। (ਰਾਗ ਦੇਵਗੰਧਾਰੀ ਪੰਨਾ ੫੩੬)

ਸ਼੍ਰੀ ਗੁਰੂ ਤੇਗ ਬਹਾਦਰ ਜੀ ਨੇ ਮਨੁੱਖ ਨੂੰ ਜਦੋਂ ਲਾਲਸਾਵਾਂ ਵਿੱਚ ਗ੍ਰਸਿਆ ਵੇਖਿਆ ਤਾਂ ਉਹਨਾਂ ਜੀਵਨ ਦੀ ਇਸ ਕਰੂਰ ਵਾਸਤਵਿਕਤਾ ਨੂੰ ਸਨਮੁੱਖ ਰੱਖ ਕੇ ਮਨੁੱਖ ਨੂੰ ਸਮਝਾਇਆ ਕਿ ਇਹ ਉਹ ਸਮਾਂ ਹੁੰਦਾ ਹੈ ਜਦੋਂ ਮਨੁੱਖ ਨੂੰ ਚੰਗੇ -ਮਾੜੇ ਦੀ ਪਰਖ ਨਹੀ ਰਹਿੰਦੀ ਅਤੇ ਮੋਹ-ਮਾਇਆ ਦੇ ਜਾਲ ਵਿੱਚ ਫਸਿਆ ਪਾਪ ਕਰਨ ਵੱਲ ਅਗਰਸਰ ਹੋ ਜਾਂਦਾ ਹੈ। ਮਨੁੱਖ ਲਾਲਸਾ ਵਿੱਚ ਫਸਿਆ ਹੋਇਆ ਹਰ ਤਰ੍ਹਾਂ ਦੇ ਪਰਪੰਚ ਵਰਤਦਾ ਹੋਇਆ ਮਾਇਆ ਇਕੱਠੀ ਕਰਨ ਦੇ ਯਤਨ ਵਿੱਚ ਹਰਿ ਤੋਂ ਕੋਹਾਂ ਦੂਰ ਹੋ ਜਾਂਦਾ ਹੈ:

ਪਰ ਧਨ ਪਰ ਦਾਰਾ ਸਿਉ ਰਚਿਓ ਬਿਰਥਾ ਜਨਮ ਸਿਰਾਵੈ।।
ਮਦ ਮਾਇਆ ਕੈ ਭਇਓ ਬਾਵਰੋ ਸੂਝਤ ਨਹ ਕਿਛੁ ਗਿਆਨਾ।।
ਘਟ ਹੀ ਭੀਤਰਿ ਬਸਤ ਨਿਰੰਜਨ ਤਾ ਕੋ ਮਰਮ ਨਾ ਜਾਨਾ।। (ਪੰਨਾ ੬੩੩)

ਸੰਸਾਰ ਨੂੰ ਅਜਿਹੀ ਪਦਾਰਥੱਕ ਜਕੜ ਵਿੱਚ ਫਸਿਆ ਹੋਇਆ ਵੇਖ ਕੇ ਵੀ ਗੁਰੂ ਸਾਹਿਬ ਦੇ ਮਨ ਵਿੱਚ ਇਕ ਆਸ਼ਾ ਦੀ ਕਿਰਨ ਹੈ। ਸਮਾਜ ਦੇ ਇਸ ਕੋਹਜ ਨੂੰ ਦੂਰ ਕਰਨ ਲਈ ਉਹ ਨਿਰੰਤਰ ਜਤਨਸ਼ੀਲ ਰਹੇ। ਉਹਨਾਂ ਸਕੰਟ ਤੋਂ ਉਭਾਰਨ ਲਈ ਮਨੁੱਖ ਨੂੰ ਵਾਰ-ਵਾਰ ਝੰਝੋੜਿਆ ਅਤੇ ਗੁਰੂ ਦੀ ਸ਼ਰਨ ਵਿੱਚ ਜਾਣ ਦਾ ਉਪਦੇਸ਼ ਦਿੱਤਾ। ਗੁਰੂ ਸਾਹਿਬ ਨੇ ਮਨੁੱਖਤਾ ਨੂੰ ਸੰਦੇਸ਼ ਦਿੱਤਾ ਕਿ ਜੋ ਮਨੁੱਖ ਗੁਰੂ ਦੀ ਸ਼ਰਨ ਵਿੱਚ ਆ ਜਾਂਦਾ ਹੈ ਉਹ ਸੰਸਾਰ ਦੀਆਂ ਕਈ ਬੁਰਾਈਆਂ ਦੂਰ ਹੋ ਜਾਂਦਾ ਹੈ:

ਜਬ ਹੀ ਸਰਨਿ ਸਾਧ ਕੀ ਆਇਓ ਦੁਤਮਤਿ ਸਗਲਿ ਬਿਨਾਸੀ।।
ਤਬ ਨਾਨਕ ਚੇਤਿਓ ਚਿੰਤਾਮਨਿ ਕਾਟੀ ਜੰਮ ਕੀ ਫਾਸੀ।। (ਪੰਨਾ ੬੩੩)
ਜੋ ਪ੍ਰਾਨੀ ਮਮਤਾ ਤਜੈ ਲੋਭ ਮੋਹ ਅਹੰਕਾਰ।।
ਕਹੁ ਨਾਨਕ ਆਪਣ ਤਰੈ ਆਉਰਨ ਲੇਤ ਉਧਾਰ।।੨੨।। (ਪੰਨਾ ੧੪੨੭)
ਨਿਸਦਿਨ ਮਾਇਆ ਕਾਰਨੇ ਪ੍ਰਾਨੀ ਡੋਲਤ ਨੀਤ।।
ਕੋਟਨ ਮੈ ਨਾਨਕ ਕੋਊ ਨਾਰਾਇਣ ਜਿਹ ਚੀਤਿ (ਪੰਨਾ ੧੪੨੭)
ਪ੍ਰਾਨੀ ਕਛੂ ਨ ਚੇਤਈ ਮਧਿ ਮਾਇਆ ਕੈ ਅੰਧ।।
ਕਹੁ ਨਾਨਕ ਬਿਨ ਹਰਿ ਭਜਨ ਪਰਤ ਤਾਹਿ ਜਮ ਫੰਧ।। (ਪੰਨਾ ੧੪੨੭)
ਮਨੁ ਮਾਇਆ ਮੈਹਿ ਫਧਿ ਰਹਿਓ ਬਿਸਰਿਓ ਗੋਬਿੰਦ ਨਾਮ।।
ਕਹੁ ਨਾਨਕ ਬਿਨ ਹਰ ਭਜਨ ਜੀਵਨ ਕਉਨੇ ਕਾਮ।। (ਪੰਨਾ ੧੪੨੭)

ਗੁਰੂ ਸਾਹਿਬ ਦਾ ਮੰਨਣਾ ਹੈ ਕਿ ਸਾਧ/ਗੁਰੂ ਮਨੁੱਖ ਨੂੰ ਹਨੇਰੇ ਤੋਂ ਪ੍ਰਕਾਸ਼ ਵੱਲ ਲੈ ਕੇ ਜਾਣ ਵਾਲੀ ਹਸਤੀ ਹੈ। ਗੁਰੂ , ਅੰਤਰ-ਆਤਮਾ ਅਤੇ ਪ੍ਰਮਾਤਮਤਾ ਨਾਲ ਇਕ-ਮਿਕ ਹੋਇਆ ਹੁੰਦਾ ਹੈ ਅਤੇ ਮੋਹ-ਮਾਇਆ ਵਿੱਚ ਫਸੇ ਜੀਵਾਂ ਨੂੰ ਅਗਿਆਨਤਾ ਦੇ ਹਨੇਰੇ ਵਿੱਚੋਂ ਕੱਢ ਕੇ ਹਰਿ ਨਾਲ ਮਿਲਾਉਣ ਵਾਲਾ ਵਿਚੋਲਾ ਹੈ।

ਕਲ ਮਹਿ ਮੁਕਿਤ ਨਾਮ ਤੇ ਪਾਵਨ ਗੁਰ ਯਹ ਭੇਦੁ ਬਤਾਵੈ।।
ਕਹੁ ਨਾਨਕ ਸੋਈ ਨਰੁ ਗੁਰੂਆ ਜੋ ਪ੍ਰਭ ਕੇ ਗੁਣ ਗਾਵੈ।। (ਪੰਨਾ ੮੩੧)
ਮਾਨ ਮੋਹ ਦੋਨੋ ਕਉ ਪਰਹਰਿ ਗੋਬਿੰਦ ਕੇ ਗੁਣ ਗਾਵੈ।।

ਕਹੁ ਨਾਨਕ ਇਹ ਬਿਧਿ ਕੋ ਪ੍ਰਾਨੀ ਜੀਵਨ ਮੁਕਤਿ ਕਹਾਵੈ।। (ਪੰਨਾ ੮੩੧)

ਗੁਰੂ ਸਾਹਿਬ ਦੀ ਬਾਣੀ ਸੰਕੇਤ ਕਰਦੀ ਹੈ ਕਿ ਜਿਸ ਮਨੁਖ ਨੂੰ ਗੁਰੂ ਦੇ ਗਿਆਨ ਦੁਆਰਾ ਸਦਾਚਾਰਕ ਜੀਵਨ ਜਿਊਣਾ ਆ ਜਾਂਦਾ ਹੈ। ਉਸ ਨੂੰ ਇਹ ਗੱਲ ਸਮਝ ਆ ਜਾਂਦੀ ਹੈ ਕਿ ਤਨ, ਧਨ , ਇਸਤਰੀ , ਸਾਕ ਸਬੰਧੀ ਸਭ ਅਬਿਨਾਸੀ ਹਨ ਅਤੇ ਇਹ ਉਸ ਨੂੰ ਸਥਿਰ ਸੰਤੁਸ਼ਟੀ ਨਹੀ ਦੇ ਸਕਦੇ। ਉਸ ਨੂੰ ਇਹ ਵੀ ਗਿਆਨ ਹੋ ਜਾਂਦਾ ਹੈ ਕਿ ਜਿਨ੍ਹਾਂ ਲਈ ਉਹ ਪਾਪਾਂ ਦਾ ਭਾਗੀਦਾਰ ਬਣਦਾ ਹੈ। ਉਹ ਸਿਰਫ ਦੁਨਿਆਵੀ ਰਿਸ਼ਤੇ ਹਨ ਜੋ ਉਸ ਦੇ ਸਾਹਾਂ ਦੀ ਪੂੰਜੀ ਖਤਮ ਹੋ ਜਾਣ ਉਪਰੰਤ ਹੀ ਟੁੱਟ ਜਾਣਗੇ।

ਜਗ ਰਚਨਾ ਸਭ ਝੂਠ ਹੈ ਜਾਨ ਲੇਹੁ ਰੇ ਮੀਤ।। (ਰਾਗ ਗਾਉੜੀ, ਪੰਨਾ ੨੧੯)
ਮ੍ਰਿਗ ਤ੍ਰਿਸਨਾ ਜਿਉ ਜਗ ਰਚਨਾ ਯਹ ਦੇਖਹੁ ਰਿਦੈ ਬਿਚਾਰਿ।। (ਰਾਗ ਦੇਵਗੰਧਾਰੀ ਪੰਨਾ ੫੩੬)
ਕਾਕੀ ਮਾਤ ਪਿਤਾ ਸਤ ਬਨਿਤਾ ਕੋ ਕਾਹੂ ਕੋ ਭਾਈ।।੧।।ਰਹਾਉ।।
ਧੰਨ ਧਰਨੀ ਅਰੁ ਸੰਪਤਿ ਸਗਰੀ ਜੋ ਮਾਨਿਓ ਅਪਨਾਈ।।
ਤਨ ਛੂਟੈ ਕਛੁ ਸੰਗਿ ਨ ਚਾਲੈ ਕਹਾ ਤਾਹਿ ਲਪਟਾਈ।।੧।। (ਪੰਨਾ ੧੨੩੧)

ਗੁਰੂ ਸਾਹਿਬ ਦੀ ਬਾਣੀ ਵਿਚੋ ਇਹ ਤੱਤ ਵੀ ਉਜਾਗਰ ਹੁੰਦਾ ਹੈ ਕਿ ਉਹ ਸਮਕਾਲੀ ਰਾਜਨੀਤਿਕ, ਆਰਥਿਕ ਅਤੇ ਧਾਰਮਿਕ ਪ੍ਰਸਥਿਤੀਆਂ ਤੋਂ ਭੈ-ਭੀਤ ਹੋ ਕੇ ਮਨੁੱਖ ਨੂੰ ਉਪਰਾਮਤਾ ਧਾਰਨ ਕਰਨ ਵੱਲ ਪ੍ਰੇਰਿਤ ਨਹੀ ਕਰਦੇ ਗੁਰੂ ਸਾਹਿਬ ਸੰਕੇਤ ਕਰਦੇ ਹਨ ਕਿ ਸੰਸਾਰ ਤੋਂ ਮੂੰਹ ਮੋੜ ਲੈਣ ਦੀ ਜਰੂਰਤ ਨਹੀਂ ਅਤੇ ਨਾ ਹੀ ਉਪਰਾਮ ਹੋ ਕੇ ਜੰਗਲਾ ਵਿੱਚ ਸਮਾਧੀ ਲਾਉਣ ਦੀ ਜਰੂਰਤ ਹੈ, ਸਗੋ ਜਰੂਰਤ ਸੰਸਾਰਕ ਪਦਾਰਥਾ ਅਤੇ ਵਿਸ਼ੈ-ਵਿਕਾਰਾਂ ਤੋਂ ਉਪਰਾਮਤਾ ਪੈਦਾ ਕਰਨ ਦੀ ਹੈ। ਮਾਇਆ ਦੇ ਮੋਹ ਨੂੰ ਤਿਆਗ ਕੇ ਆਪਣੇ ਅੰਦਰੋ ਪ੍ਰਮਾਤਮਾਂ ਨੂੰ ਪਛਾਨਣ ਦੀ ਲੋੜ ਹੈ:

ਜਿਹਿ ਮਾਇਆ ਮਮਤਾ ਤਜੀ ਸਭ ਤੇ ਭਇਓ ਉਦਾਸੁ।।
ਕਹੁ ਨਾਨਕ ਸੁਨ ਰੇ ਮਨਾ ਤਿਨ ਘਟਿ ਬ੍ਰਹਮ ਨਿਵਾਸ।। (ਪੰਨਾ ੧੪੨੭)
ਪ੍ਰਾਨੀ ਕਾਉਨ ਉਪਾਉ ਕਰੈ।।
ਜਾ ਤੇ ਭਗਤਿ ਰਾਮ ਕਿ ਪਾਵੈ ਜਮ ਕੋ ਤ੍ਰਾਸ ਹਰੈ।।੧।।ਰਹਾਉ।।
ਕਉਨ ਕਰਮ ਬਿਦਿਆ ਕਹੁ ਕੈਸੀ ਧਰਮ ਕਉਨੁ ਫੁਨਿ ਕਰਈ।।
ਕਉਨ ਨਾਮੁ ਗੁਰੁ ਜਾ ਕੈ ਸਿਮਰੈ ਭਵ ਸਾਗਰ ਕਉ ਤਰਈ।।੧।। (ਪੰਨਾ ੬੩੨)

ਗੁਰੂ ਤੇਗ ਬਹਾਦਰ ਦੀ ਜਿਸ ਪ੍ਰਮਾਤਮਾ ਦੀ ਗੱਲ ਕਰਦੇ ਹਨ ਉਸ ਬਾਰੇ ਉਹਨਾਂ ਦਾ ਮੰਨਣਾ ਹੈ ਕਿ ਸੰਸਾਰ ਰੂਪੀ ਸੁੰਦਰ ਰਚਨਾ ਦਾ ਰਚਨਹਾਰ ਉਹ ਆਪ ਸਰਬ-ਸ਼ਕਤੀਮਾਨ ਹੈ। ਇਸ ਸਰਬ-ਸ਼ਕਤੀਮਾਨ ਹਰਿ ਨੂੰ ਹੀ ਉਹਨਾਂ ਨੇ ਬ੍ਰਹਮ, ਰਾਮ, ਪ੍ਰਭੂ, ਨਾਰਾਇਣ, ਭਗਵੰਤ, ਸੁਆਮੀ ਚਿੰਤਾਮਨਿ, ਠਾਕੁਰ, ਮੁਰਾਰੀ ਆਦਿ ਨਾਵਾਂ ਨਾਲ ਸੰਬੋਧਨ ਕੀਤਾ ਹੈ। ਗੁਰੂ ਸਾਹਿਬ ਦੀ ਬਾਣੀ ਵਿੱਚ ਇਹ ਗੱਲ ਬੜੀ ਦ੍ਰਿੜਤਾ ਨਾਲ ਕਹੀ ਗਈ ਕਿ ਜੋ ਮਨੁੱਖ ਸੰਸਾਰਿਕ ਵਿਕਾਰਾਂ ਤੇ ਕਾਬੂ ਪਾ ਲੈਂਦਾ ਹੈ ਉਹ ਆਪਣੇ ਅੰਦਰ ਵਸਦੇ ਪ੍ਰਭੂ ਨੂੰ ਪਛਾਣ ਲੈਂਦਾ ਹੈ:

ਜਿਹਿ ਪ੍ਰਾਨੀ ਹਉਮੈ ਤਜੀ ਕਰਤਾ ਰਾਮ ਪਛਾਨਿ।।
ਕਹੁ ਨਾਨਕ ਵਹੁ ਮੁਕਤਿ ਨਰੁ ਇਹ ਮਨੁ ਸਾਚੀ ਮਾਨ।। (ਪੰਨਾ ੧੪੨੭)

ਗੁਰੂ ਸਾਹਿਬ ਜੀ ਦਸਦੇ ਹਨ ਕਿ ਜਦੋਂ ਮਨੁੱਖ ਨੂੰ ਸਮਝ ਆ ਜਾਂਦੀ ਹੈ ਇਹ ਸ੍ਰਿਸ਼ਟੀ ਪ੍ਰਭੂ ਦੀ ਰਚੀ ਹੋਈ ਹੈ ਅਤੇ ਇਹ ਸਾਰੀ ਸਿਰਜਨਾ ਉਸ ਦੇ ਹੁਕਮ ਅਨੁਸਾਰ ਚੱਲ ਰਹੀ ਹੈ ਤਾਂ ਉਹ ਅਗਿਆਨਤਾ ਦੇ ਭਰਮ-ਜਾਲ ਵਿੱਚੋਂ ਬਾਹਰ ਨਿਕਲ ਆਉਂਦਾ ਹੈ। ਮਨੁੱਖ ਨੂੰ ਜਦੋਂ ਇਸ ਗੱਲ ਦੀ ਸਮਝ ਆ ਜਾਂਦੀ ਹੈ ਕਿ ਇਹ ਸਾਰੀ ਸ੍ਰਿਸ਼ਟੀ ਪ੍ਰਭੂ ਦੀ ਰਚੀ ਹੋਈ ਹੈ ਅਤੇ ਉਸਦੇ ਹੁਕਮ ਅਨੁਸਾਰ ਕਾਰਜ ਕਰ ਰਹੀ ਹੈ ਤਾਂ ਉਸ ਅੰਦਰ ਹਲੀਮੀ ਅਤੇ ਨਿਰਮਾਣਤਾ ਦਾ ਗੁਣ ਆਪ ਮੁਹਾਰੇ ਪੈਦਾ ਹੋ ਜਾਂਦਾ ਹੈ। ਗੁਰੂ ਸਾਹਿਬ ਨੇ ਇਸ ਸੰਸਾਰ ਨੂੰ 'ਬਿਨਸਨਹਾਰ', 'ਝੂਠੀ', 'ਮਿਥਿਆ', ' ਨਾਸ਼ਵਾਨ', ' ਧੂੰਏ ਦਾ ਪਹਾੜ', 'ਮ੍ਰਿਗ ਤ੍ਰਿਸ਼ਨਾ' ਆਦਿ ਨਾਵਾਂ ਨਾਲ ਪੁਕਾਰਿਆ ਹੈ। ਗੁਰੂ ਸਾਹਿਬ ਬਾਣੀ ਰਾਹੀਂ ਉਪਦੇਸ਼ ਦਿੰਦੇ ਹਨ ਕਿ ਅਗਿਆਨਤਾ ਵੱਸ ਮਨੁੱਖ ਇਹ ਪ੍ਰਤੀਤ ਹੋਣ ਲੱਗ ਜਾਂਦਾ ਹੈ ਕਿ ਇਹ ਸੰਸਾਰ ਸਦਾ ਕਾਇਮ ਰਹਿਣ ਵਾਲਾ ਹੈ, ਪਰੰਤੂ ਉਸ ਨੂੰ ਗੁਰੂ ਦੀ ਮਿਹਰ-ਸਦਕਾ ਇਸ ਗੱਲ ਦੀ ਸੋਝੀ ਹੋ ਜਾਂਦੀ ਹੈ ਕਿ ਇਹ ਸੰਸਾਰ ਨਾਸ਼ਵਾਨ ਹੈ ਤਾਂ ਉਸ ਦਾ ਮੰਨ ਆਪ-ਮੁਹਾਰੇ ਗੁਰੂ ਚਰਨਾ ਵਿੱਚ ਜੁੜਨ ਲਗਦਾ ਹੈ। ਜੋ ਮਨੁੱਖ ਇਸ ਸੱਚ ਨੂੰ ਸਮਝ ਲੈਂਦਾ ਹੈ ਉਹ ਇਸ ਸੰਸਾਰ ਤੋਂ ਰੁਖਸਤ ਹੋਣ ਵੇਲੇ ਸੱਚ ਅਤੇ ਨਾਮ ਦੀ ਕਮਾਈ ਨਾਲ ਲੈ ਕੇ ਜਾਂਦਾ ਹੈ:

ਜਿਹਿ ਜਿਹਿ ਹਰਿ ਕੋ ਨਾਮ ਸਮਾਰਿ।। ਤੇ ਭਵ ਸਾਗਰ ਉਤਰੇ ਪਾਰ।।
ਜਨ ਨਾਨਕ ਹਰ ਕਿ ਸਰਨਾਇ।। ਦੀਜੈ ਨਾਮੁ ਰਹੈ ਗੁਣ ਗਾਇ।। (ਪੰਨਾ ੧੧੮੬)
ਰੇ ਮਨ ਰਾਮ ਸਿਉ ਕਰ ਪ੍ਰੀਤ।।
ਸ੍ਰਵਨ ਗੋਬਿੰਦ ਗੁਨੁ ਸੁਨਉ ਅਰੁ ਗਾਉ ਰਸਨਾ ਗੀਤ।।ਰਹਾਉ।।
ਕਰਿ ਸਾਧਿ ਸੰਗਤ ਸਿਮਰੁ ਮਾਧੋ ਹੋਹਿ ਪਤਿਤ ਪੁਨਿਤ।। (ਪੰਨਾ ੬੩੧)

ਗੁਰੂ ਸਾਹਿਬ ਦੀ ਬਾਣੀ ਪ੍ਰਭੂ ਪ੍ਰੇਮ ਦੇ ਨਾਲ-ਨਾਲ ਦੂਜੇ ਮਨੁੱਖਾਂ ਦੀ ਸੇਵਾ ਵੱਲ ਵੀ ਪ੍ਰੇਰਦੀ ਹੈ। ਉਹਨਾਂ ਅਨੁਸਾਰ ਸਾਧ-ਸੰਗਤ ਦੀ ਸੇਵਾ ਕਦੇ ਵਿਅਰਥ ਨਹੀਂ ਜਾਂਦੀ।

ਗੁਰੂ ਸਾਹਿਬ ਦੀ ਬਾਣੀ ਵਿੱਚ ਜੋ ਮਨੁੱਖ ਦ੍ਰਿਸ਼ਟੀਗੋਚਰ ਹੁੰਦਾ ਹੈ ਉਹ ਬੰਧਨ-ਮੁਕਤ ਨਹੀਂ ਬਲਕਿ ਬੰਧਨ-ਯੁਕਤ ਹੈ। ਦੁਨਿਆਵੀ ਬੰਧਨਾਂ ਦੇ ਨਾਲ-ਨਾਲ ਉਸ ਅੰਦਰ ਭੈਅ/ਡਰ/ਤ੍ਰਾਸ ਵੀ ਹੈ।ਇਹ ਤ੍ਰਾਸ ਸਿਰਫ ਮਾਇਆ ਖੁਸ ਜਾਣ ਦਾ ਨਹੀਂ ਹੈ, ਇਸ ਤ੍ਰਾਸ ਵਿੱਚ 'ਜਮ ਦਾ ਤ੍ਰਾਸ' ਵੀ ਸ਼ਾਮਿਲ ਹੈ। ਇਹ ਤ੍ਰਾਸ ਸਾਰੀ ਮਨੁੱਖਤਾ ਅੰਦਰ ਪਸਰਿਆ ਹੋਇਆ ਹੈ। ਇਸ ਤ੍ਰਾਸ ਵਿੱਚ ਮਨੁੱਖ ਨੂੰ ਆਪਣੀ ਸਰੀਰਕ ਹੋਂਦ ਦੇ ਬਿਨਸ ਜਾਣ ਦਾ ਖਤਰਾ ਬਣਿਆ ਰਹਿੰਦਾ ਹੈ। ਇਥੇ ਮੈਂ ਇਹ ਗੱਲ ਸਪੱਸ਼ਟ ਕਰ ਦੇਣਾ ਚਾਹੁੰਦੀ ਹਾਂ ਕਿ ਸ਼੍ਰੀ ਗੁਰੂ ਤੇਗ ਬਹਾਦਰ ਜੀ ਦੀ ਬਾਣੀ ਦਾ ਮਨੋਰਥ ਮੌਤ ਦੇ ਭੈਅ ਵਿੱਚ ਜਕੜੇ ਮਨੁੱਖ ਨੂੰ ਹੋਰ ਭੈਭੀਤ ਕਰਨਾ ਨਹੀਂ ਸਗੋਂ

ਪ੍ਰਭੂ ਦੇ ਭਜਨ ਦੁਆਰਾ ਆਤਮਿਕ ਬਲ ਪ੍ਰਾਪਤ ਕਰ ਲੈਣ ਦੇ ਰਾਹ ਵੱਲ ਤੋਰਨਾ ਹੈ। ਉਹਨਾਂ ਦਾ ਮਨੋਰਥ ਬਾਣੀ ਦੇ ਉਪਦੇਸ਼ ਰਾਹੀਂ ਮਨੁੱਖ ਅੰਦਰ ਆਚਰਨਿਕ ਅਤੇ ਆਤਮਿਕ ਸ਼ੁੱਧਤਾ ਅਤੇ ਉੱਚਤਾ ਲਿਆਉਣੀ ਹੈ ਜਿਸ ਸਦਕਾ 'ਜਮਾਂ ਦੇ ਤ੍ਰਾਸ' ਵਿੱਚ ਜਕੜਿਆ ਮਨੁੱਖ ਆਪਣੇ ਆਪ ਨੂੰ 'ਬਲਹੀਨ' ਮਹਿਸੂਸ ਨਾ ਕਰੇ।

ਜਮ ਕੋ ਤ੍ਰਾਸ ਭਇਓ ਉਰ ਅੰਤਰਿ ਸਰਨਿ ਗਹੀ ਕਿਰਪਾ ਨਿਧਿ ਤੇਰੀ।।
ਕੀਏ ਉਪਾਵ ਮੁਕਤਿ ਕੇ ਕਾਰਨ ਦਹਿ ਦਿਸਿ ਕਉ ਉਠਿ ਧਾਇਆ।।
ਘਟਿ ਹੀ ਭੀਤਰਿ ਬਸੈ ਨਿਰੰਜਨ ਤਾ ਕੋ ਮਰਮੁ ਨ ਪਾਇਆ।। (ਪੰਨਾ ੭੦੩)
ਜਤਨ ਬਹੁਤ ਮੈ ਕਰਿ ਰਹਿਓ ਮਿਟਿਓ ਨ ਮਨ ਕੋ ਮਾਨੁ।।
ਦੁਰਤਮਤਿ ਸਿਉ ਨਾਨਕ ਫਧਿਓ ਰਾਖਿ ਲੇਹੁ ਭਗਵਾਨ।। (ਪੰਨਾ ੧੪੨੮)

ਗੁਰੂ ਸਾਹਿਬ ਬਾਣੀ ਰਾਂਹੀ ਦਸਦੇ ਹਨ ਕਿ ਸਰਬ-ਸ਼ਕਤੀਮਾਨ ਪ੍ਰਭੂ ਦੇ ਆਸਰੇ ਸਦਕਾ ਮਨੁੱਖ ਬੰਧਨ ਮੁਕਤ ਅਤੇ ਭੈਅ-ਮੁਕਤ ਹੋ ਜਾਂਦਾ ਹੈ।
ਸਧਾਰਨ ਅਤੇ ਮਿੱਠੀ ਬੋਲੀ ਰਾਂਹੀ ਗੁਰੂ ਜੀ ਵਾਰ-ਵਾਰ ਮਨੁੱਖ ਨੂੰ ਆਪਾ ਕੁਰਬਾਨ ਕਰਕੇ ਪ੍ਰਭੂ ਭਗਤੀ ਵਿੱਚ ਲੀਨ ਹੋਣ ਦੀ ਪ੍ਰੇਰਣਾ ਦਿੰਦੇ ਹਨ। ਗੁਰੂ ਸਾਹਿਬ ਦੀ ਬਾਣੀ ਦੂਜੇ ਗੁਰੂਆਂ ਦੇ ਸਮਾਨ ਗਿਣਤੀ ਵਿੱਚ ਭਾਵੇਂ ਘੱਟ ਹੈ ਪਰ ਉਹਨਾਂ ਦਾ ਇੱਕ-ਇੱਕ ਸ਼ਬਦ ਆਪਣੇ ਆਪ ਵਿੱਚ ਪੂਰਨ ਪ੍ਰਭਾਵ ਵਾਲਾ ਹੈ। ਆਪ ਜੀ ਦੀ ਬਾਣੀ ਗੁਰਮਤਿ ਕਾਵਿ ਵਿੱਚ ਵਿਸ਼ੇਸ ਸ਼ਥਾਨ ਰੱਖਦੀ ਹੈ।ਆਪ ਜੀ ਦੀ ਬਾਣੀ ਮਨੁੱਖ ਨੂੰ ਮੁਕਤੀ ਦੇ ਰਾਹ ਵੱਲ ਤੋਰਦੀ ਹੈ। ਇਸ ਦੇ ਨਾਲ ਹੀ ਲੋਕ ਕਲਿਆਣ, ਲੋਕ ਹਿੱਤ ਅਤੇ ਕੁਰਬਾਨੀ ਵੱਲ ਪ੍ਰੇਰਦੀ ਹੈ। ਗੁਰੂ ਸਾਹਿਬ ਦੀ ਬਾਣੀ ਵਿੱਚ ਮਨੁੱਖ ਨੂੰ ਏਨੀਂ ਸਰਲ ਭਾਸ਼ਾ ਵਿੱਚ ਨਾਮ ਸਿਮਰਨ, ਪ੍ਰਭੂ ਭਗਤੀ, ਵਿਕਾਰਾਂ ਤੋਂ ਮੁਕਤੀ ਅਤੇ ਕਾਦਰ ਤੇ ਕੁਦਰਤ ਦੇ ਨੇਮਾਂ ਬਾਰੇ ਦੱਸਿਆ ਹੈ। ਇਹ ਬਾਣੀ ਹਿਰਦੇ ਦੀ ਵੇਦਨਾ ਦਾ ਅਜਿਹਾ ਪ੍ਰਗਟਾਵਾ ਹੈ ਜੋ ਜੀਵਨ ਪੰਧ ਵਿੱਚ ਆ ਰਹੀਆਂ ਮੁਸ਼ਕਿਲਾਂ ਨੂੰ ਬਹੁਤ ਹੀ ਸਰਲ ਢੰਗ ਨਾਲ ਨਿਵਾਰਨ ਦੇ ਰਾਹ ਤੋਰਦੀ ਹੈ। ਇਸ ਤਰਾਂ ਗੁਰੂ ਸਾਹਿਬ ਦਾ ਉਦੇਸ਼ ਆਪਣੇ ਆਪ ਸਪੱਸ਼ਟ ਹੋ ਜਾਂਦਾ ਹੈ। ਗੁਰੂ ਸਾਹਿਬ ਦੀ ਬਾਣੀ ਸਿਰਫ਼ ਸਿੱਖੀ ਸਰੂਪ ਰੱਖਣ ਵਾਲਿਆਂ ਤੱਕ ਮਹਿਦੂਦ ਨਹੀਂ ਇਸ ਦਾ ਘੇਰਾ ਬਹੁਤ ਵਿਸ਼ਾਲ ਹੈ। ਗੁਰੂ ਸਾਹਿਬ ਦੀ ਵਿਚਾਰਧਾਰਾ ਸਾਰੀ ਲੁਕਾਈ ਲਈ,ਸਾਰੇ ਸਮਿਆਂ ਵਿੱਚ, ਸਰਬ ਸਾਂਝੀ ਅਤੇ ਸਰਬੱਤ ਦੇ ਭਲੇ ਵਾਲੀ ਹੈ।